**ਦਫ਼ਤਰ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ,**

**(ਅਮਲਾ ਸ਼ਾਖਾ)**

**ਵੱਲ,**

**ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,**
**ਪੰਜਾਬ।**

**ਨੰ. ਅਮਲਾ-(ਈ.ਐਮ.365-ਏ)-2024/** 16944
**ਮਿਤੀ, ਪਟਿਆਲਾ** 13-12-2024

**ਵਿਸ਼ਾ:-** **ਭਾਸ਼ਾ ਵਿਭਾਗ, ਪੰਜਾਬ ਵਿਖੇ ਖੋਜ ਅਫਸਰ ਦੀ ਆਸਾਮੀ ਬਦਲੀ ਦੀ ਵਿਧੀ ਰਾਹੀਂ ਭਰਨ ਬਾਰੇ।**

01. ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਵਿਭਾਗ ਦੇ ਨਿਮਨ ਦਰਜ ਜ਼ਿਲ੍ਹਾ ਭਾਸ਼ਾ ਦਫ਼ਤਰਾਂ ਵਿੱਚ ਖੋਜ ਅਫਸਰ ਦੀਆਂ ਆਸਾਮੀਆਂ ਰਾਜ ਦੇ ਦੂਜੇ ਵਿਭਾਗਾਂ ਵਿੱਚ ਪੱਕੇ ਤੌਰ ਤੇ ਕੰਮ ਕਰਦੇ ਅਧਿਕਾਰੀਆਂ ਵਿਚੋਂ ਬਦਲੀ ਦੀ ਵਿੱਧੀ ਰਾਹੀਂ ਭਰੀਆਂ ਜਾਣੀਆਂ ਹਨ: -

| ਲੜੀ ਨੰ. | ਜ਼ਿਲ੍ਹੇ ਦੇ ਨਾਂ | ਅਸਾਮੀਆਂ ਦੀ ਗਿਣਤੀ |
|---|---|---|
| 1. | ਸ਼ਹੀਦ ਭਗਤ ਸਿੰਘ ਨਗਰ | 01 |
| 2. | ਸ੍ਰੀ ਮੁਕਤਸਰ ਸਾਹਿਬ | 01 |
| 3. | ਕਪੂਰਥਲਾ | 01 |
| 4. | ਗੁਰਦਾਸਪੁਰ | 01 |
| 5. | ਚੰਡੀਗੜ੍ਹ | 01 |
| 6. | ਪਟਿਆਲਾ | 02 |
| 7. | ਫਾਜ਼ਿਲਕਾ | 01 |
| 8. | ਮੋਗਾ | 01 |
| 9. | ਰੂਪਨਗਰ | 01 |
| 10. | ਲੁਧਿਆਣਾ | 01 |

02. ਪੰਜਾਬ ਭਾਸ਼ਾ ਸੇਵਾ (II) ਨਿਯਮ-2023 ਵਿਚ ਕੀਤੇ ਗਏ ਉਪਬੰਧਾਂ ਅਨੁਸਾਰ ਇਨ੍ਹਾਂ ਅਸਾਮੀਆਂ ਲਈ ਹੇਠ ਲਿਖੀਆਂ ਯੋਗਤਾਵਾਂ ਅਤੇ ਤਜ਼ਰਬਾ ਲੋੜੀਂਦਾ ਹੈ:-

01. ਤਰਜੀਹੀ ਤੌਰ 'ਤੇ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਘੱਟੋ-ਘੱਟ 55 ਪ੍ਰਤੀਸ਼ਤ ਅੰਕਾਂ ਨਾਲ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਪੋਸਟ-ਗ੍ਰੈਜੂਏਸ਼ਨ ਦੀ ਡਿਗਰੀ ਪਾਸ ਕੀਤੀ ਹੋਵੇ।

02. ਲੇਖ, ਖੋਜ ਪੱਤਰ, ਉੱਚ ਪ੍ਰਤਿਸ਼ਠਾ ਵਾਲੇ ਰਸਾਲੇ ਜਾਂ ਕਿਤਾਬਾਂ ਲਿਖਣ ਦੇ ਖੇਤਰ ਵਿੱਚ ਰਚਨਾਤਮਕ ਲੇਖਣੀ ਦਾ ਹੁਨਰ ਹੋਣਾ ਚਾਹੀਦਾ ਹੈ।

ਜਾਂ

ਕਿਸੇ ਵੀ ਸਰਕਾਰੀ ਸਕੂਲ, ਮਾਨਤਾ ਪ੍ਰਾਪਤ ਕਾਲਜ ਜਾਂ ਯੂਨੀਵਰਸਿਟੀ ਵਿੱਚ 02 ਸਾਲਾਂ ਦਾ ਅਧਿਆਪਨ ਦਾ ਤਜਰਬਾ ਹੋਣਾ ਲਾਜ਼ਮੀ ਹੈ।

03. ਇਸ ਸਮੇਂ ਖੋਜ ਅਫਸਰ ਦਾ 6ਵੇਂ ਤਨਖਾਹ ਕਮਿਸ਼ਨ ਅਨੁਸਾਰ ਤਨਖਾਹ ਸਕੇਲ 46000-146500 (ਲੈਵਲ-13) ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਵਿਭਾਗ ਵਿੱਚ ਤਨਖਾਹ ਲੈਵਲ-13 ਵਿੱਚ ਪੱਕੇ ਤੌਰ ਤੇ ਕੰਮ ਕਰਦੇ ਅਧਿਕਾਰੀ ਜੋ ਇਸ ਵਿਭਾਗ ਵਿੱਚ ਬਦਲੀ ਦੀ ਵਿਧੀ ਰਾਹੀਂ ਤਾਇਨਾਤ ਹੋਣ ਦੇ ਚਾਹਵਾਨ ਹੋਣ, ਉਹ ਉਪਰੋਕਤ ਜ਼ਿਲ੍ਹਿਆਂ ਲਈ ਆਪਣੀ ਪ੍ਰਤੀਬੇਨਤੀ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਸਮੇਤ ਯੋਗਤਾ/ਤਜ਼ਰਬੇ ਦੇ ਸਰਟੀਫਿਕੇਟ ਯੋਗ ਪ੍ਰਣਾਲੀ ਰਾਹੀਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਿਖੇ ਦਸਤੀ ਜਾਂ ਵਿਭਾਗ ਦੀ ਈ-ਮੇਲ ਆਈ.ਡੀ ***DIR.LANG@PUNJAB.GOV.IN*** ਤੇ ਮਿਤੀ 08.01.2025 ਨੂੰ ਸ਼ਾਮ 5.00 ਵਜੇ ਤੱਕ ਭੇਜ ਸਕਦੇ ਹਨ। ਇਸ ਤੋਂ ਬਾਅਦ ਪ੍ਰਾਪਤ ਬਿਨੈਪੱਤਰਾਂ ਤੇ ਵਿਚਾਰ ਨਹੀਂ ਕੀਤੀ ਜਾਵੇਗੀ।

04. ਇਹ ਆਸਾਮੀਆਂ ਸਰਕਾਰ ਵੱਲੋਂ ਜਾਰੀ ਰਾਖਵਾਂਕਰਨ ਨੀਤੀ ਤਹਿਤ ਜਨਰਲ-05 (01 ਇਸ. ਅਤੇ 01 EWS), ਅਨੁਸੂਚਿਤ ਜਾਤੀ-03 (01 ਇਸ. ਅਤੇ 01 ਸ.ਫ.), ਸਾਬਕਾ ਫੌਜੀ-01, ਪੱਛੜੀ ਸ਼੍ਰੇਣੀ-02 ਵਰਗਾਂ ਵਿੱਚੋਂ ਭਰੀਆਂ ਜਾਣੀਆਂ ਹਨ।

05. ਵਿਭਾਗ ਵਿੱਚ ਪ੍ਰਾਪਤ ਹੋਣ ਵਾਲੇ ਬਿਨੈਪੱਤਰਾਂ ਨੂੰ ਵਿਭਾਗੀ ਕਮੇਟੀ ਵੱਲੋਂ ਵਿਚਾਰਿਆ ਜਾਵੇਗਾ ਅਤੇ ਯੋਗ ਉਮੀਦਵਾਰਾਂ ਦੇ ਪਿੱਤਰੀ ਵਿਭਾਗ ਨੂੰ ਭਾਸ਼ਾ ਵਿਭਾਗ ਵਿਖੇ ਬਦਲੀ ਦੀ ਵਿਧੀ ਰਾਹੀਂ ਫਾਰਗ ਕਰਕੇ ਭੇਜਣ ਲਈ ਲਿਖਿਆ ਜਾਵੇਗਾ। ਜੇਕਰ ਇਕ ਜ਼ਿਲ੍ਹੇ ਲਈ ਇਕ ਤੋਂ ਵੱਧ ਬਿਨੈਪੱਤਰ ਪ੍ਰਾਪਤ ਹੁੰਦੇ ਹਨ ਤਾਂ ਵੱਧ ਤਜ਼ਰਬੇ ਵਾਲੇ ਅਧਿਕਾਰੀ ਨੂੰ ਤਰਜੀਹ ਦਿੱਤੀ ਜਾਵੇਗੀ। ਜੇਕਰ ਦੋ ਜਾਂ ਦੋ ਤੋਂ ਵੱਧ ਅਧਿਕਾਰੀਆਂ ਦਾ ਤਜਰਬਾ ਬਰਾਬਰ ਹੁੰਦਾ ਹੈ, ਤਾਂ ਵੱਧ ਉਮਰ ਵਾਲੇ ਅਧਿਕਾਰੀ ਨੂੰ ਤਰਜੀਹ ਦਿੱਤੀ ਜਾਵੇਗੀ।

06. ਉਕਤ ਲੜੀ ਨੰ. 01 ਤੇ ਦਰਸਾਏ ਜ਼ਿਲ੍ਹਿਆਂ ਲਈ ਸਥਾਨਕ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ।

07. ਬਦਲੀ ਦੀ ਵਿਧੀ ਰਾਹੀਂ ਅਧਿਕਾਰੀ ਦੀ ਨਿਯੁਕਤੀ ਨਿਮਨ-ਲਿਖਤ ਸ਼ਰਤਾਂ ਦੇ ਆਧਾਰ ਤੇ ਕੀਤੀ ਜਾਵੇਗੀ: -

01. ਅਧਿਕਾਰੀ ਵੱਲੋਂ ਆਪਣੇ ਪਿੱਤਰੀ ਵਿਭਾਗ ਵਿੱਚ ਪਰਖਕਾਲ ਸਮਾਂ ਪੂਰਾ ਕਰ ਲਿਆ ਹੋਵੇ।

02. ਇਸ ਆਸਾਮੀ ਤੇ ਚੁਣੇ ਗਏ ਅਧਿਕਾਰੀ ਵਿਭਾਗ ਵਿੱਚ ਇਕ (01) ਸਾਲ ਲਈ ਪਰਖ ਅਧੀਨ ਰਹਿਣਗੇ ਅਤੇ ਪਰਖ ਅਧੀਨ ਸਮੇਂ ਦੌਰਾਨ ਅਧਿਕਾਰੀ ਦਾ ਦਫ਼ਤਰੀ ਕਾਰਜ ਅਤੇ ਚਾਲ-ਚਲਣ ਤਸੱਲੀਬਖ਼ਸ਼ ਨਾ ਪਾਏ ਜਾਣ ਦੀ ਸੂਰਤ ਵਿੱਚ ਉਸ ਨੂੰ ਪਿੱਤਰੀ ਵਿਭਾਗ ਵਿੱਚ ਵਾਪਿਸ ਪਰਤਾਉਣ ਦੇ ਹੱਕ ਵਿਭਾਗ ਪਾਸ ਰਾਖਵੇਂ ਹੋਣਗੇ।

03. ਚੁਣੇ ਗਏ ਅਧਿਕਾਰੀ ਨੂੰ ਫ਼ਾਰਗ ਕਰਨ ਸਮੇਂ ਉਸ ਦੇ ਪਿੱਤਰੀ ਵਿਭਾਗ ਵੱਲੋਂ ਇਤਰਾਜਹੀਣਤਾ ਸਰਟੀਫਿਕੇਟ ਵੀ ਭੇਜਿਆ ਜਾਣਾ ਲਾਜ਼ਮੀ ਹੋਵੇਗਾ।

04. ਅਧਿਕਾਰੀ ਵਿਰੁੱਧ ਕੋਈ ਵਿਭਾਗੀ ਅਨੁਸ਼ਾਸਨੀ ਕਾਰਵਾਈ ਦਾ ਕੇਸ, ਵਿਜੀਲੈਂਸ ਇੰਨਕੁਆਰੀ/ਸ਼ਿਕਾਇਤ ਜਾਂ ਕੋਰਟ ਕੇਸ ਆਦਿ ਲੰਬਿਤ ਨਾ ਹੋਵੇ।

05. ਅਧਿਕਾਰੀ ਦਾ ਸਮੁੱਚਾ ਗੁਪਤ ਰਿਕਾਰਡ 'ਬਹੁਤ ਅੱਛਾ' ਹੋਵੇ।

06. ਪੰਜਾਬ ਰਾਜ ਸੇਵਾ ਨਿਯਮਾਂਵਲੀ ਦੇ ਨਿਯਮ 3.12 ਤਹਿਤ ਅਧਿਕਾਰੀ ਨੇ ਉਸ ਦੇ ਪਿੱਤਰੀ ਵਿਭਾਗ ਨਾਲ ਲੀਅਨ ਰੱਖਣਾ ਹੈ ਜਾਂ ਨਹੀਂ, ਬਾਰੇ ਸਪੱਸ਼ਟ ਕਰਨਾ ਲਾਜ਼ਮੀ ਹੋਵੇਗਾ।

07. ਸਰਕਾਰ ਵਲੋਂ ਸਮੇਂ-ਸਮੇਂ ਜਾਰੀ ਹਦਾਇਤਾਂ ਲਾਗੂ ਹੋਣਗੀਆਂ।

**ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ**

**ਪਿੱ.ਅੰ.ਨੰ. ਅਮਲਾ-(ਈ.ਐਮ.365-ਏ)-2024/** 16945 **ਮਿਤੀ, ਪਟਿਆਲਾ** 13-12-2024

**ਉਤਾਰਾ-**

ਉਪਰੋਕਤ ਦਾ ਉਤਾਰਾ ਸਕੱਤਰ, ਪੰਜਾਬ ਸਰਕਾਰ, ਉੱਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ, (ਸਿੱਖਿਆ ਸੈੱਲ), ਚੰਡੀਗੜ੍ਹ ਜੀ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

**ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ**

## ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਿਖੇ ਬਦਲੀ ਦੀ ਵਿਧੀ ਰਾਹੀਂ ਨਿਯੁਕਤੀ ਲਈ ਬਿਨੈਪੱਤਰ

| | | |
|---|---|---|
| 1. | ਨਾਮ | |
| 2. | ਪਿਤਾ ਦਾ ਨਾਮ | |
| 3. | ਜਨਮ ਮਿਤੀ | |
| 4. | ਵਿਭਾਗ ਦਾ ਨਾਮ ਅਤੇ ਪਤਾ | |
| 5. | ਸ੍ਰੇਣੀ (ਜਨਰਲ/ਅ.ਜ./ ਪ.ਛ./ ਸਾਬਕਾ ਫੌਜੀ) | |
| 6. | ਜ਼ਿਲ੍ਹਾ (ਜਿਸ ਜ਼ਿਲ੍ਹੇ ਲਈ ਬਿਨੈਪੱਤਰ ਦੇਣਾ ਹੈ) | |
| 7. | ਘਰ ਦਾ ਸਥਾਈ ਪਤਾ | |
| 8. | ਮੌਜੂਦਾ ਤਨਖਾਹ ਸਕੇਲ | |
| 9. | ਸਰਕਾਰੀ ਸੇਵਾ ਵਿੱਚ ਰੈਗੂਲਰ ਤੌਰ ਤੇ ਹਾਜਰ ਹੋਣ ਦੀ ਮਿਤੀ | |
| 10. | ਸਰਕਾਰੀ ਸੇਵਾ ਵਿੱਚ ਰੈਗੂਲਰ ਤੌਰ ਤੇ ਤਜਰਬਾ (ਮਿਤੀਆਂ ਅਤੇ ਦਫ਼ਤਰ ਦੇ ਵੇਰਵੇ ਸਹਿਤ) | |
| 11. | ਹੋਰ ਕੋਈ ਵੇਰਵਾ ਜੇ ਦੇਣਾ ਚਾਹੁੰਦੇ ਹੋ | |

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਉਕਤ ਜਾਣਕਾਰੀ ਸਹੀ/ਦਰੁਸਤ ਹੈ ਅਤੇ ਮੇਰੇ ਵਿਰੁੱਧ ਕੋਈ ਅਨੁਸ਼ਾਸਨੀ ਕਾਰਵਾਈ ਨਹੀਂ ਚੱਲ ਰਹੀ ਹੈ।

ਬਿਨੈਕਾਰ ਦੇ ਹਸਤਾਖ਼ਰ

ਸ਼ਿਫਾਰਿਸ਼ ਕੀਤਾ ਜਾਂਦੀ ਹੈ।

ਸਮਰੱਥ ਅਧਿਕਾਰੀ ਦੇ ਹਸਤਾਖ਼ਰ